
# INTERNATIONAL CENTRE FOR PUNJAB STUDIES

SARGODHA UNIVERSITY

*Pathway to Progress*

# INTRODUCTION

Punjab as a region can claim a glorious past as the cradle of Harappan Civilisation and later acting as a gateway to Indian Gangetic plains for the Middle Eastern traders, kings, explorers, and travellers. Its importance within the subcontinent has been underlined both by a turbulent history and contemporary events. However, unlike other strategic regions of various continents, Punjab has not found the due academic recognition in the learning centres of the Pakistan as well as in rest of the world. One of the best ways to gain public and scholastic attention for Punjab was to establish a first ever centre for Punjab studies (ICPS).




جناح بلاک
93

## SIGNIFICANCE

**Besides the need for public recognition of the strategic importance of Punjab region in the world, following are the multiple urgent reasons which laid the foundation of ICPS:**

### 1. Introduce Punjab Studies

A predominant majority of young Punjabis pursuing higher education, either opt for applied sciences or other professional degrees. Although, they contribute to society's technocrats' pool, hence diminishing the community's cultural and social heritage. To divert many of our bright young men and women towards arts and social sciences related to Punjab and develop their interest in Punjab studies, ICPS would be a greater source of inspiration for them. It would inculcate strong sense of ownership and belongingness among our youth to study Punjab and appreciate diversity of our homeland's inheritance.

### 2. Facilitate Policy Making

Contemporary Punjab society is facing numerous issues pertaining to its changing demography, emerging unemployment, and problems in agrarian sector including environmental decay of farmlands, deteriorating underground water-level leading to reduced productivity, adverse peasant-landlord relations, and changing federal-state financial transactions, which are not being addressed by academics from universities of Pakistan. To bring above mentioned policy issues in limelight, setting up of a centre has become imperative.

### 3. Combat Extremism

To combat growing wave of religious extremism and to promote tolerance and patience towards marginalized segment of society, the establishment of the centre has become the dire need of time. The centre will undertake academic, objective and scientific study of these threats for the formulation of counter strategies against them.

## ADVISORY BOARD

### International Members



**Dr Pritam Singh**

Visiting Scholar
Wolfson College,
Oxford University, UK



**Dr Manzur Ejaz**

Chief Editor
"Wichaar"
USA

# MAIN OBJECTIVES

**The centre for excellence ICPS intends to achieve the following core objectives, providing rationale for its establishment:**

- To counter extremist ideologies, centre will encourage cultural and historical studies including Sufi Poetry
- To establish partnerships with national and international institutes, which will provide scholarships to the students for Punjab studies.
- To open avenues for research and scholarly activities on Punjabi folklore, epics, oral history, cultural studies, Punjabi language and literature by organizing conferences and offering fellowships.
- To conduct research on impacts of Punjab's socio-economic policies, rural & urban divide, and future policy framework in line with the CPEC and OBOR connectivity vision.
- To promote inter and intra-provincial harmony through research projects analysing the archaeological elements of Harappa, Mohenjo-Daro and ancient civilisations.
- To collect manuscripts, rare prints of Punjabi language and new editions of all the publications by orientalists for research, compilation and editing.

# KEY FUNCTIONS

**Key functions of ICPS will be as follows:**

- Founding research journal of Punjab Studies in Pakistan
- Offering fellowships to national and international scholars to be resident at the centre
- Formulating research programs in collaboration with international institutions through MOUs with esteemed institutions.



**Dr Anne Murphy**

Dean Asian Studies,
University of Vancouver
Canada



**Mr Mahmood Awan**

Poet, Columnist
Dublin, Ireland



**Dr Waqas Mubarak Butt**

Head of Translation
City Council,
Staffordshire, UK

- Increasing access to online archival resources in Pakistan on Punjabi literature through digitization
- Organizing research conferences at national and international level
- Establishing Punjab Studies Central Library with focus on Punjabi books with a dedicated section for audio visual archives.

## EXPECTED OUTCOMES

- Sargodha university will become centre for preservation of Punjabi language, literature and culture
- Punjabi society would be connected to future economic and resource planning for mega projects like CPEC
- Centre will provide Punjab policy road maps to state institutions
- Research papers would be published and disseminated to government and local and global business investor groups
- A comprehensive study on Punjab history would be taken into account
- Punjab studies will be aligned according to the international academic standards

> **"THE CENTRE WOULD NOT ONLY FURTHER THE CAUSE OF RESEARCH INTO PUNJAB'S ECONOMY, HISTORY AND SOCIETY BUT IT WOULD ALSO CONTRIBUTE TO FURTHER UNDERSTANDING OF VARIOUS DIMENSIONS OF PUNJABI CULTURE AND LANGUAGE – ITS LITERATURE, MUSIC AND ART."**

**PROF PRITAM SINGH**
*VISITING SCHOLAR, WOLFSON COLLEGE*
*UNIVERSITY OF OXFORD*

## National Members



**Dr Saeed Khawar Bhutta**

Chairman
Department of Punjabi
GCU Lahoree



**Mr Nain Sukh**

Novelist
Oral Historian
Lahore

# ਜਾਂਣ ਪਛਾਣ

ਇਕ ਖ਼ਿੱਤੇ ਦੇ ਤੌਰ ਤੇ ਪੰਜਾਬ ਦਾ ਬਤੀਤ ਬਹੁਤ ਭਰਵਾਂ ਏ। ਇਹ ਹੜੱਪਾ ਤਹਿਜ਼ੀਬ ਦਾ ਵਾਰਿਸ ਤੇ ਮਗਰੋਂ ਲਹਿੰਦੇ ਵੱਲੋਂ ਗੰਗਾ ਜੰਮਣਾ ਨੂੰ ਜਾਣਦੇ ਵਪਾਰੀਆਂ, ਪਾਂਧਿਆਂ ਤੇ ਧਾੜਵੀਆਂ ਦਾ ਲਾਂਘਾ ਰਿਹਾ। ਸਿਆਸੀ ਤੇ ਸਮਾਜੀ ਪਖੋਂ ਭਰਵੀਂ ਤਵਾਰੀਖ਼ ਪਾਰੋਂ ਬਰੇ ਸਗ਼ੀਰ ਵਿਚ ਪੰਜਾਬ ਦੀ ਮਹਾਨਤਾ ਮੁੱਢ ਕਦੀਮ ਤੋਂ ਈ ਬਹੁਤ ਜ਼ਿਆਦਾ ਰਹੀ ਏ। ਏਨੀ ਭਰਵੀਂ ਤਵਾਰੀਖ਼ ਤੇ ਜੁਗ਼ਰਾਫ਼ੀਆਈ ਅਹਿਮੀਅਤ ਦੇ ਹੁੰਦਿਆਂ ਵੀ ਪੰਜਾਬ ਨੂੰ ਪਾਕਿਸਤਾਨ ਵਿਚ ਤੇ ਬਾਹਰ ਇਲਮੀ ਬਹਿਸਾਂ ਵਿੱਚ ਉਹ ਥਾਂ ਨਹੀਂ ਮਿਲ ਸੱਕੀ ਜੋ ਮਿਲਣੀ ਚਾਹੀਦੀ ਸੀ। ਆਮ ਲੋਕਾਈ ਤੇ ਸੂਝਵਾਨ ਮੇਲ ਦਾ ਇਸ ਪਾਸੇ ਧਿਆਨ ਪਵਾਵਣ ਲਈ "ਇੰਟਰਨੈਸ਼ਨਲ ਸਨਟਰ ਫ਼ਾਰ ਪੰਜਾਬ ਸਟੱਡੀਜ਼" ਦਾ ਕਿਆਮ ਵੇਲੇ ਦੀ ਲੋੜ ਸੀ।

"ਇੰਟਰਨੈਸ਼ਲ ਸਨਟਰ ਫ਼ਾਰ ਪੰਜਾਬ ਸਟੱਡੀਜ਼" ਦੇ ਕਿਆਮ ਦੀਆਂ ਲੋੜਾਂ :

ਪੰਜਾਬ ਦੀ ਜੁਗ਼ਰਾਫ਼ੀਆਈ ਮਹਾਨਤਾ ਨੂੰ ਮਨਵਾਓਣ ਤੋਂ ਅਡ ਵੀ ਇਸ ਸਨਟਰ ਦੇ ਕਿਆਮ ਦੀਆਂ ਕਈ ਮਹੱਤਵਪੂਰਨ ਲੋੜਾਂ ਸਨ। ਪੜ੍ਹੇ ਲਿਖੇ ਪੰਜਾਬੀ ਨੌਜਵਾਨਾਂ ਦੀ ਢੇਰ ਸਾਰੀ ਗਿਣਤੀ ਆਅਲਾ ਤਾਲੀਮ ਲਈ ਸਾਇੰਸ ਤੇ ਸਮਾਜੀ ਇਲਮਾਂ ਦੇ ਕਈ ਖੇਤਰਾਂ ਦੀ ਚੋਣ ਕਰਦੀ ਏ। ਉਂਜ ਭਾਵੇਂ ਉਹ ਵਸੇਬ ਦੇ ਪੜ੍ਹੇ ਲਿਖੇ ਜੀਆਂ ਦੀ ਗਿਣਤੀ ਵਿਚ ਤਾਂ ਵਾਧਾ ਕਰਦੇ ਨੇਂ ਪਰ ਫ਼ੰਨੀ ਤੇ ਸਮਾਜੀ ਸਰਮਾਏ ਵਿੱਚ ਘਾਟ ਵਧਦੀ ਜਾਂਦੀ ਏ। ਸਾਡੇ ਨੌਜਵਾਨ ਤਬਕੇ ਨੂੰ ਫ਼ਨ ਤੇ ਪੰਜਾਬ ਨਾਲ ਜੁੜੇ ਸਮਾਜੀ ਇਲਮਾਂ ਵੱਲ ਪ੍ਰੇਰਣ ਦੀ ਲੋੜ ਏ ਤੇ ਇਹ ਲੋੜ ਸਰਗੋਧਾ ਯੂਨੀਵਰਸਿਟੀ ਦਾ "ਇੰਟਰਨੈਸ਼ਨਲ ਸਨਟਰ ਫ਼ਾਰ ਪੰਜਾਬ ਸਟੱਡੀਜ਼" ਪੂਰੀ ਕਰੇ ਗਾ। ਇਸ ਦੇ ਕਿਆਮ ਨਾਲ ਅਸੀਂ ਨੌਜਵਾਨ ਮੁੰਡਿਆਂ ਕੁੜੀਆਂ ਨੂੰ ਪੰਜਾਬ ਤੇ ਪੰਜਾਬੀ ਦੀ ਪੜ੍ਹਾਈ ਵੱਲ ਪ੍ਰੇਰ ਕੇ ਆਪਣੀਆਂ ਆਉਣ ਵਾਲੀਆਂ ਨਸਲਾਂ ਨੂੰ ਧਰਤੀ ਮਾਂ ਦੀ ਮਹਾਨਤਾ ਤੇ ਅਮੀਰੀ ਤੋਂ ਜਾਣੂ ਕਰਵਾ ਸਕਦੇ ਆਂ।

ਇਸ ਸਨਟਰ ਦੇ ਕਿਆਮ ਦੀਆਂ ਫ਼ੌਰੀ ਲੋੜਾਂ ਵਿਚ ਪੰਜਾਬੀ ਵਸੇਬ ਤੇ ਮੁਆਸ਼ਰਤ ਨੂੰ ਪੇਸ਼ ਆਉਣ ਵਾਲੇ ਪਾਲਿਸੀ ਮਾਆਮਲਾਤ ਵੀ ਸ਼ਾਮਿਲ ਨੇਂ। ਇਹ ਮੰਨਣ ਜੋਗ ਸੱਚ ਏ ਕਿ ਪਾਕਿਸਤਾਨ ਦੀਆਂ ਯੂਨੀਵਰਸਿਟੀਆਂ ਤੇ ਦਾਨਿਸ਼ਵਰ ਪੰਜਾਬੀ ਵਸੇਬ ਨੂੰ ਦਰਪੇਸ਼ ਔਕੜਾਂ ਬਾਰੇ ਢੁਕਵੀਂ ਗੱਲ ਬਾਤ ਕਰਨ ਵਿਚ ਕਿਸੇ ਹੱਦ ਤਾਈਂ ਨਿਸਫਲ ਰਹੇ ਨੇਂ। ਪੰਜਾਬ ਇਕ ਜ਼ਰੱਈ ਖ਼ਿਤਾ ਏ ਤੇ ਇਹਦੇ ਵੱਡੇ ਤੇ ਅਹਿਮ ਮਸਲਿਆਂ ਵਿਚ ਆਹਨ ਜੋਗ ਰਕਬੇ ਦੀ ਵਧਦੀ ਹੋਈ ਥੋੜ ਤੇ ਦਿਨ–ਓ–ਦਿਨ ਥੱਲੇ ਜਾ ਰਹੇ ਵਾਟਰ ਲੈਵਲ ਪਾਰੋਂ ਵਧਦੀ ਗ਼ਰੀਬੀ, ਪਿੰਡਾਂ ਵਿੱਚੋਂ ਸ਼ਹਿਰਾਂ ਵੱਲ ਉਚਾਲੇ, ਪੜ੍ਹੇ ਲਿਖੇ ਬੇਰੁਜ਼ਗਾਰਾਂ ਦੀ ਗਿਣਤੀ ਵਿਚ ਵਾਧਾ ਤੇ ਵਸੇਬ ਵਿਚ ਔਰਤ ਦੀ ਹੋਂਦ ਸੰਬੰਧੀ ਉਠਣ ਵਾਲੇ ਵਨ–ਓ–ਵਨ ਸਵਾਲ ਸ਼ਾਮਿਲ ਨੇਂ। ਇਸ ਦੇ ਨਾਲ ਨਾਲ ਬਾਹਰ ਵਸਦੇ ਪੰਜਾਬੀਆਂ ਦੇ ਮਸਲਿਆਂ ਨਾਲ ਜੁੜਤ ਰੱਖਣ ਵਾਲੀ ਪਾਕਿਸਤਾਨ ਦੀ ਖ਼ਾਰਜਾ ਪਾਲਿਸੀ ਨੂੰ ਵੀ ਨਵੇਂ ਸਿਰਿਉਂ ਵੇਖਣ ਦੀ ਲੋੜ ਏ।

ਪੰਜਾਬੀ ਵਸੇਬ ਮੁੱਢ ਕਦੀਮ ਤੋਂ ਈ ਵਨੁ–ਓ–ਵਨ ਮਜ਼੍ਹਬਾਂ ਤੇ ਰੀਤਾਂ ਰਿਵਾਜਾਂ ਦਾ ਗੜ੍ਹ ਰਿਹਾ ਏ। ਅਜੋਕੇ ਪੰਜਾਬ ਵਿੱਚ ਮਜ਼੍ਹਬੀ ਅੱਤ ਪਸੰਦੀ ਦੇ ਕੁੱਝ ਮੁਹਾੜ ਨਜ਼ਰ ਆਉਂਦੇ ਨੇਂ। ਇਸ ਸਨਟਰ ਦੇ ਕਿਆਮ ਰਾਹੀਂ ਇਨ੍ਹਾਂ ਮੁਹਾੜਾਂ ਦਾ ਇਲਮੀ, ਅਕਲੀ ਮੁਤਾਲਾਅ ਕੀਤਾ ਜਾਏ ਗਾ ਤੇ ਉਪਾ ਦੇ ਆਹਰਾਂ ਬਾਰੇ ਗੱਲ ਬਾਤ ਛੋਹੀ ਜਾਏਗੀ।

"ਇੰਟਰ ਨੀਸ਼ਲ ਸਨਟਰ ਫ਼ਾਰ ਪੰਜਾਬ ਸਟੱਡੀਜ਼" ਦੇ ਕਿਆਮ ਨਾਲ ਪੰਜਾਬੀ ਜ਼ਬਾਨ, ਅਦਬ, ਰੀਤ ਤੇ ਤਾਰੀਖ਼ ਦੇ ਮਤਾਲਾਏ ਦੀਆਂ ਨਵੀਆਂ ਰਾਹਵਾਂ ਖੁੱਲਣ ਗਿਆਂ ਜਿਹਨਾਂ ਨਾਲ ਪੰਜਾਬੀ ਨੂੰ ਜਗਤ ਪੱਧਰ ਦੀ ਜ਼ਬਾਨ ਦੇ ਤੌਰ ਤੇ ਮਨਾਉਣ ਵਿੱਚ ਮਦਦ ਮਿਲੇਗੀ ਤੇ ਨਾਲ ਦੀ ਨਾਲ ਪੰਜਾਬ ਦੇ ਖ਼ਿੱਤੇ ਤੇ ਲੋਕਾਂ ਨੂੰ ਦਰਪੇਸ਼ ਮਸੌਸਿਆਵਾਂ ਦਾ ਇਲਮੀ ਮੁਤਾਲਾਅ ਕੀਤਾ ਜਾਏ ਗਾ।

ਇਸ ਸਨਟਰ ਦੇ ਮੁੱਢਲੇ ਮਕਸਦ ਇਹ ਹੋਵਣ ਗੇ:

- ਪੰਜਾਬੀ ਪੜ੍ਹਾਈ ਰਾਹੀਂ ਪੰਜਾਬ ਦੀ ਸਕਾਫ਼ਤੀ ਤੇ ਤਾਰੀਖ਼ੀ ਪੜਚੋਲ ਤੇ ਪੰਜਾਬੀ ਸੂਫ਼ੀ ਸ਼ਾਇਰਾਂ ਦੇ ਕਲਾਮ ਰਾਹੀਂ ਅੱਤ ਪਸੰਦੀ ਦੇ ਮੁਹਾੜਾਂ ਦਾ ਮੁਕਾਬਲਾ।
- ਪੰਜਾਬ ਦੇ ਪੰਜਾਬੀ ਨਾਲ ਜੁੜਤ ਰੱਖਣ ਵਾਲੇ ਜਗਤ ਪੱਧਰ ਦੇ ਅਦਾਰਿਆਂ ਵਿਚ ਮੌਜੂਦ ਸੂਝਵਾਨਾਂ ਨਾਲ ਸਾਂਝ ਵਧਾ ਕੇ ਸਰਗੋਧਾ ਯੂਨੀਵਰਸਿਟੀ ਵਿਚ ਇਲਮੀ ਡਾਇਲਾਗ ਦਾ ਰਾਹ ਪੱਧਰਾ ਕਰਨਾ।
- ਨੌਜਵਾਨਾਂ ਨੂੰ ਪੰਜਾਬੀ ਪੜ੍ਹਾਈ ਵੱਲ ਪ੍ਰੇਰਣ ਲਈ ਪਾਕਿਸਤਾਨ ਵਿਚ ਤੇ ਬਾਹਰ ਵਸਾਇਲ ਪੈਦਾ ਕਰਨਾ।
- ਕਾਨਫ਼ਰੰਸਾਂ ਤੇ ਸੈਮੀਨਾਰਾਂ ਦੀ ਸ਼ਕਲ ਵਿਚ ਇਲਮੀ ਤੇ ਅਦਬੀ ਬੈਠਕਾਂ ਦਾ ਪ੍ਰਬੰਧ ਕਰਨਾ।



**Prof Zubair Ahmad**

Writer/Poet
Lahore



**Parveen Malik**

General Secretary
Pakistan Punjabi
Adbi Board



**Dr Mujahida Butt**

Chairperson
Department of Punjabi
LCWU, Lahore

- ਪੰਜਾਬੀ ਲੋਕ ਤਵਾਰੀਖ਼, ਲੋਕ ਅਦਬ ਤੇ ਪੰਜਾਬੀ ਦੀ ਲਿਸਾਨੀ ਤਵਾਰੀਖ਼ ਦੇ ਵੱਖੋ ਵਖ ਪੱਖਾਂ ਦੀ ਖੋਜ ਕਰਨਾ।
- ਚਪਚਿ ਦੇ ਅਸਰ ਹੇਠ ਪੰਜਾਬ ਦੇ ਬਦਲਦੇ ਹੋਏ ਸਮਾਜੀ ਤੇ ਮੁਆਸ਼ਰਤੀ ਹਾਲਾਤ, ਪੇਂਡੂ ਤੇ ਸ਼ਹਿਰੀ ਜੀਵਨ ਦੀ ਵੰਡ ਦਾ ਮੁਤਾਲਾ ਤੇ ਭਲਕ ਦੇ ਪੰਜਾਬ ਲਈ ਬਣਨ ਵਾਲੀਆਂ ਕੌਮੀ ਪਾਲਿਸੀਆਂ ਵਿਚ ਇਲਮੀ ਸਾਂਝ ਪਾਵਣਾ।
- ਸੂਬਿਆਂ ਵਿਚਕਾਰ ਇਕਸਾਰਤਾ ਵਧਾਉਣ ਲਈ ਹੜੱਪਾ, ਮੋਹਨਜੋ ਦਾੜੋ ਤੇ ਖ਼ਿੱਤੇ ਦੀਆਂ ਦੂਜੀਆਂ ਪੁਰਾਣੀਆਂ ਤਹਿਜ਼ੀਬਾਂ ਦੇ ਮਤਾਲਾਏ ਲਈ ਤਹਕੀਕੀ ਮਨਸੂਬਾ ਸਾਜ਼ੀ ਕਰਨਾ।
- ਪੰਜਾਬੀ ਸੂਝਵਾਨਾਂ ਤੇ ਪੜ੍ਹਿਆਰਾਂ ਦੇ ਮਤਾਲਾਏ ਤੇ ਖੋਜ ਲਈ ਪੁਰਾਣੇ ਹੱਥ ਲਿਖਤੀ ਖਰੜਿਆਂ ਦੀ ਭਾਲ ਤੇ ਸੋਧ ਸੰਭਾਲ ਕਰਨਾ।
- ਪੰਜਾਬ ਤੇ ਪੰਜਾਬੀ ਬਾਰੇ ਲਹਿੰਦੇ ਦੇ ਸੂਝਵਾਨਾਂ ਦੀਆਂ ਬਰਤਾਨਵੀ ਰਾਜ ਦੋਰ ਦੀਆਂ ਲਿਖੀਆਂ ਪੁਰਾਣੀਆਂ ਕਿਤਾਬਾਂ, ਸਰਕਾਰੀ ਰਿਪੋਰਟਾਂ ਤੇ ਗਜ਼ੀਟੀਅਰ ਇਕੱਠੇ ਕਰਨਾ ਤੇ ਨਵੇਂ ਐਡੀਸ਼ਨ ਛਾਪਣ ਦਾ ਆਹਰ ਕਰਨਾ।

## ਟੀਚੇ :

- ਪੰਜਾਬੀ ਖੋਜ ਪੱਤਰ ਦਾ ਆਰੰਭ।
- ਪਾਕਿਸਤਾਨੀ ਸੂਝਵਾਨਾਂ ਲਈ ਫ਼ੈਲੋਸ਼ਿਪ ਪ੍ਰੋਗਰਾਮ।
- ਬਾਹਰ ਵਸਦੇ ਪੰਜਾਬੀ ਸੂਝਵਾਨਾਂ ਲਈ ਥੋੜ ਚਿਰੇ ਤੇ ਲੰਮੇ ਫ਼ੈਲੋਸ਼ਿਪ ਪ੍ਰੋਗਰਾਮਾਂ ਰਾਹੀਂ ਜਗਤ ਪੱਧਰ ਦੇ ਪੰਜਾਬੀ ਸੂਝਵਾਨਾਂ ਨੂੰ ਸਨਟਰ ਨਾਲ ਜੋੜਨਾ।
- ਜਗੱਤ ਪੱਧਰ ਤੇ ਪੰਜਾਬੀ ਲਈ ਕੰਮ ਕਰਦੇ ਅਦਾਰਿਆਂ ਨਾਲ ਰਲ ਕੇ ਤਹਕੀਕੀ ਮਨਸੂਬੇ ਬਣਾਉਣਾ ਤੇ ਯੂਨੀਵਰਸਿਟੀ ਆਫ਼ ਬਰਿਟਿਸ਼ ਕੋਲੰਬੀਆ ਵੈਨਕੋਓਰ ਕੈਨੇਡਾ, ਸਕੂਲ ਆਫ਼ ਗਲੋਬਲ ਐਂਡ ਏਰੀਆ ਸਟੱਡੀਜ਼ ਆਕਸਫ਼ੋਰਡ ਯੂਨੀਵਰਸਿਟੀ ਬਰਤਾਨੀਆ, ਸਕੂਲ ਆਫ਼ ਓਰੀਐਂਟਲ ਐਂਡ ਅਫ਼ਰੀਕਨ ਸਟੱਡੀਜ਼ ਯੂਨੀਵਰਸਿਟੀ ਆਫ਼ ਲੰਦਨ ਬਰਤਾਨੀਆ ਵਰਗੇ ਅਦਾਰਿਆਂ ਨਾਲ ਮੁਓ ਸਾਈਨ ਕਰਨ।
- ਪਾਕਿਸਤਾਨ ਵਿੱਚ ਮੌਜੂਦ 'ਝਛੋਣ੍ਵਾਂਟ ਰਣਸ਼ੁਓਡਛਣਸ਼ ਤੱਕ ਪਹੁੰਚ ਨੂੰ ਸੌਖਾ ਬਣਾਉਣ ਲਈ ਦਣਘਣਥਣਜ਼ਾਂਥਣੂਵ ਪ੍ਰੋਗਰਾਮ ਦੀ ਤਸ਼ਕੀਲ।
- ਕੌਮੀ ਤੇ ਜਗਤ ਪੱਧਰ ਦੀਆਂ ਕਾਨਫ਼ਰੰਸਾਂ ਤੇ ਸੈਮੀਨਾਰ।
- ਪੰਜਾਬੀ ਵਿੱਚ ਤੇ ਪੰਜਾਬ ਬਾਰੇ ਰਚੀਆਂ ਲਿਖਤਾਂ ਲਈ ਪੰਜਾਬ ਸਟੱਡੀਜ਼ ਸੰਟ੍ਰਲ ਲਾਇਬਰੇਰੀ ਤੇ 'ਓਧਣੂ ਵਣਸ਼ਓਾਂਟ 'ਝਛੋਣ੍ਵਣਸ਼ ਦਾ ਕਿਆਮ

## ਸਿੱਟੇ:

ਇਸ ਸਨਟਰ ਦੇ ਕਿਆਮ ਨਾਲ

- ਸਰਗੋਧਾ ਯੂਨੀਵਰਸਿਟੀ ਪੰਜਾਬੀ ਜ਼ਬਾਨ, ਅਦਬ ਤੇ ਰੀਤ ਦੀ ਸੰਭਾਲ ਦਾ ਮਰਕਜ਼ ਬਣੇਗੀ।
- ਮੁਸਤਕਬਿਲ ਵਿਚ ਚਪਚਿ ਵਰਗੇ ਵੱਡੇ ਸਰਕਾਰੀ ਮਨਸੂਬਿਆਂ ਵਿਚ ਰਿਆਸਤੀ ਅਦਾਰਿਆਂ ਨੂੰ ਪੰਜਾਬੀ ਵਸੇਬ ਦੇ ਹਵਾਲੇ ਨਾਲ ਪਾਲਿਸੀ ਸਾਜ਼ੀ ਲਈ ਜਾਣਕਾਰੀ ਇਕੱਠੀ ਕੀਤੀ ਜਾਏਗੀ
- ਇਲਮੀ ਖੇਤਰ ਤੋਂ ਬਾਹਰ ਦੇ ਲੋਕਾਂ ਨੂੰ ਨਾਲ ਜੋੜਨ ਲਈ ਪੰਜਾਬੀ ਖੋਜ ਪੱਤਰ ਛਾਪਿਆ ਜਾਏ ਗਾ ਤੇ ਕਾਰੋਬਾਰੀ ਤਬਕੇ, ਸਰਕਾਰੀ ਅਦਾਰਿਆਂ ਤੇ ਬਾਹਰ ਵਸਦੇ ਪੰਜਾਬੀਆਂ ਨੂੰ ਘੱਲਿਆ ਜਾਏ ਗਾ।
- ਪੰਜਾਬੀ ਬਾਰੇ ਤਹਕੀਕੀ ਕੰਮ ਨੂੰ ਆਲਮੀ ਪੱਧਰ ਦੀ ਇਲਮੀ ਕਾਰਰਵਾਈ ਬਣਾਇਆ ਜਾਏ ਗਾ।



**Mr Amjad Saleem**

CEO
Sanjh Publications



**Mr Qaswar Butt**

President
Punjab Lok Lehr



**Ahmad Raza**

President
Punjabi Parchar,
Lahore

# جان پچھان

اک خطے دے طور تے پنجاب دا ماضی بہت بھرواں اے۔ ایہہ ہڑپہ تہذیب دا وارث تے لہندے ولوں گنگا جمنا نوں جاندے وپاریاں، پاندھیاں تے دھاڑویاں دا لانگھا رہیا۔ سیاسی تے سماجی حوالیاں نال بھرویں تاریخ پاروں برصغیر وچ پنجاب دی اہمیت مڈھ قدیم توں ای بہت زیادہ رہی اے۔ اینی بھرویں تاریخ تے جغرافیائی اہمیت دے ہوندیاں وی پنجاب نوں پاکستان وچ تے باہر علمی بحثاں وچ اوہ تھاں نہیں مل سکی جو ملنی چاہیدی سی۔ عام لوکائی تے دانشور طبقے دا ایس پاسے دھیان پواون لئی ''انٹرنیشنل سنٹر فار پنجاب سٹڈیز'' دا قیام ویلے دی لوڑ اے۔

پنجاب دی جغرافیائی اہمیت نوں منواون توں علاوہ وی ایس سنٹر دے قیام دیاں کئی اہم لوڑاں سن۔ پڑھے لکھے پنجابی نوجواناں دی ڈھیر ساری گنتی اعلیٰ تعلیم لئی سائنس تے سماجی علماں دے کئی کھیتراں دی چون کردی اے۔ انج بھاویں اوہ وسیب دے پڑھے لکھے جیاں دی گنتی وچ تاں وادھا کر دے نیں پر قّنی تے سماجی سرمائے وچ گھاٹ ودھدی جاندی اے۔ ساڈے نوجوان طبقے نوں فن تے پنجاب نال جُڑے سماجی علماں ول پریرن دی لوڑ اے تے ایہہ لوڑ سرگودھا یونیورسٹی دا ''انٹرنیشنل سنٹر فار پنجاب سٹڈیز'' پوری کرے گا۔ ایس دے قیام نال اسیں نوجوان منڈیاں کڑیاں نوں پنجاب دے پنجابی دے مطالعے ول پریر کے اپنیاں آون والیاں نسلاں نوں دھرتی ماں دی اہمیت تے امیری توں جانو کرواسکدے آں۔

ایس سنٹر دے قیام دیاں فوری لوڑاں وچ پنجابی معاشرے تے معاشرت نوں پیش آون والے پالیسی معاملات وی شامل نیں۔ ایہہ منن جوگ سچ اے کہ پاکستان دیاں یونیورسٹیاں تے دانشور پنجابی وسیب نوں درپیش اوکڑاں بارے ڈھکویں گل بات کرن وچ کسے حد تائیں نسپھل رہے نیں۔ پنجاب اک زرعی خطہ اے تے ایہدے وڈے تے اہم مسئلیاں وچ قابلِ کاشت رقبے دی ودھدی ہوئی تھوڑ تے دنو دن تھلے جا رہے واٹر لیول پاروں ودھدی غریبی، پنڈاں وچوں شہراں ول اچالے، پڑھے لکھے بے روزگاراں دی گنتی وچ وادھا تے وسیب وچ عورت دی ہوند دے حوالے نال اٹھن والے ونو ون سوال شامل نیں۔ ایس دے نال نال باہر وسدے پنجابیاں دے مسائل نال جڑت رکھن والی پاکستان دی خارجہ پالیسی نوں وی نویں سریوں ویکھن دی لوڑ اے۔

پنجابی وسیب مُڈھ قدیم توں ای ونو ون مذہباں تے ریتاں رواجاں دا گڑھ رہیا اے پر اجوکے پنجاب وچ مذہبی ات پسندی دے کجھ مہاڑ نظر آوندے نیں۔ ایس سنٹر دے قیام راہیں ایہناں مہاڑاں دا علمی، عقلی مطالعی کیتا جائے گا تے اپاء دے آہراں بارے گل بات کیتی جائے گی۔

''انٹرنیشنل سنٹر فار پنجاب سٹڈیز'' دے قیام نال پنجابی زبان، ادب، ریت تے تاریخ دے مطالعے دیاں نویاں راہواں کھلن گیاں جیہناں نال پنجابی نوں جگت پدھر دی زبان دے طور تے منواون وچ مدد ملے گی تے نال دی نال پنجاب دے خطے تے لوکاں نوں درپیش مسائل دا علمی مطالعہ کیتا جائے گا۔ ایس سنٹر دے مُڈھلے مقصد ایہہ ہون گے:

- ☆ پنجابی پڑھائی راہیں پنجاب دی ثقافتی تے تاریخی پڑچول تے پنجابی صوفی شاعراں دے کلام راہیں ات پسندی دے مہاڑاں دا مقابلہ

UNIVERSITY OF SARGODHA
University Road, Sargodha 40100
Phone: 048-9230811-15
Email: info@uos.edu.pk | www.su.edu.pk

سرگودھا یونیورسٹی وچ علمی ڈائیلاگ داراہ پدھرا کرنا

☆ نوجواناں نوں پنجابی پڑھائی ول پریرن لئی پاکستان وچ تے باہر وسائل پیدا کرنا
☆ کانفرنساں تے سیمیناراں دی شکل وچ علمی تے ادبی بیٹھکاں دا پربندھ کرنا
☆ پنجابی لوک تواریخ، لوک ادب تے پنجابی دی لسانی تواریخ دے وکھو وکھ پکھاں دی کھوج کرنا
☆ CPEC دے اثر ہیٹھ پنجاب دے بدلدے ہوئے سماجی تے معاشرتی حالات، پینڈو تے شہری جیون دی ونڈ دا مطالعہ تے بھلک دے پنجاب لئی بنن والیاں قومی پالیسیاں وچ علمی سانجھ پاونا
☆ صوبیاں وچکار اکسارتا ودھاون لئی ہڑپہ، موہنجوداڑو تے خطے دیاں دوجیاں پرانیاں تہذیباں دے مطالعے لئی تحقیقی منصوبہ سازی کرنا
☆ پنجابی سوجھواناں تے پڑھیاراں دے مطالعے تے کھوج لئی پرانے ہتھ لکھتی کھرڑیاں دی بھال تے سودھ سنبھال کرنا
☆ پنجاب تے پنجابی بارے لہندے دے سوجھواناں دیاں برطانوی راج دور دیاں لکھیاں پرانیاں کتاباں، سرکاری رپورٹاں تے گزیٹیئر اکٹھے کرنا تے نویں ایڈیشن چھاپن دا آہر کرنا

## مقصد

☆ پنجابی کھوج پتر دا اجراء ☆ پاکستانی سوجھواناں لئی فیلوشپ پروگرام
☆ باہر وسدے پنجابی سوجھواناں لئی قلیل مدتی تے کثیر مدتی فیلوشپ پروگراماں راہیں جگت پدھر دے پنجابی دانشوراں نوں سنٹر نال جوڑنا
☆ عالمی سطح تے پنجابی لئی کم کردے اداریاں نال رل کے تحقیقی منصوبے بناونا۔
☆ پاکستان وچ موجود Archival Resources تک پہنچ نوں سوکھا بناون لئی Digitization پروگرام دی تشکیل
☆ قومی تے جگت پدھر دیاں کانفرنساں تے سیمینار
☆ پنجابی وچ تے پنجاب بارے رچیاں لکھتاں لئی پنجاب سٹڈیز سنٹرل لائبریری تے Audio Visual Archives دا قیام

## سِٹّے

☆ سرگودھا یونیورسٹی پنجابی زبان، ادب تے ریت دی سنبھال دا مرکز بنے گی
☆ مستقبل وچ CPEC ورگے وڈے سرکاری منصوبیاں وچ ریاستی اداریاں نوں پنجابی وسیب دے حوالے نال پالیسی سازی لئی جانکاری اکٹھی کیتی جائے گی
☆ علمی کھیتر توں باہر دے لوکاں نوں نال جوڑن لئی پنجابی کھوج پتر چھاپیا جائے گا تے کاروباری طبقے، سرکاری اداریاں تے باہر وسدے پنجابیاں نوں گھلیا جائے گا
☆ پنجابی بارے تحقیقی کم نوں عالمی پدھر دی علمی کارروائی بنایا جائے گا۔
☆ پنجاب دے پنجابی نال جڑت رکھن والے جگت پدھر دے اداریاں وچ موجود دانشوراں نال سانجھ ودھا کے